# ਪੰਜਾਬੀ ਕਾਨਫਰੰਸ ਯੂਕੇ ਲਈ ਪਰਚਿਆਂ ਦੀ ਰੂਪ-ਰੇਖਾ ਤੇ ਬਣਤਰ

*ਪੰਜਾਬੀ ਕਾਨਫਰੰਸ ਆਪਣੇਂ ਉਦੇਸ਼ਾਂ ਅਨੁਸਾਰ, ਪੰਜਾਬੀ ਬੋਲੀ ਤੇ ਗੁਰਮੁੱਖੀ ਲਿਪੀ ਦੀ ਸਮੁੱਚੀ ਵਰਤੋਂ, ਖੋਜ-ਵਿਕਾਸ, ਪੜਨ-ਪੜਾਉਂਣ, ਅਕਾਦਮਿਕ ਉੱਨਤੀ, ਸਭਿਆਚਾਰਕ ਵਿਰਾਸਤ ਤੇ ਤਕਨੀਕੀ ਵਸੀਲਿਆਂ ਨੂੰ ਅਗਾਂਹ ਵਧਾਉਣ ਲਈ ਹੈ।*

1. ਪਰਚੇ ਦਾ ਵਿਸ਼ਾ, ਵਸਤੂ, ਖੋਜ-ਵਿਧੀ, ਵਿਸ਼ਲੇਸ਼ਣ, ਸਿੱਟਿਆਂ ਅਤੇ ਸੰਭਾਵਿਤ ਅਗਲੇਰੇ ਵਿਕਾਸ ਨੂੰ ਮੁਖ ਰਖਦਿਆ ਸੰਖੇਪ ਜਾਂਣਕਾਰੀ। (ਤਕਰੀਬਨ 300 ਸ਼ਬਦ)
2. ਪਰਚਾ ਪ੍ਰੀਭਾਸ਼ਾਤ ਕਰਦੀ ਵਿਸਥਾਰਤ ਜਾਂਣ-ਪਛਾਂਣ ਅਤੇ ਅਧਿਐਨ ਦੇ ਪ੍ਰਮੁੱਖ ਪਹਿਲੂ। (ਤਕਰੀਬਨ 500 ਸ਼ਬਦ)
3. ਖੋਜ-ਪੜਤਾਲ ਵਿਧੀ ਦੀ ਵਿਆਖਿਆ: ਸਾਹਿਤਕ ਸਰਵੇਖਣ/ਦਸਤਾਵੇਜ਼ੀ ਸਮੀਖਿਆ, ਵਰਤਾਲਾਪਾਂ, ਅੰਕੜਿਆਂ... ਆਦਿ ਅਧਾਰਿਤ ਪਾਰਖੂ-ਦ੍ਰਿਸ਼ਟੀਕੋਣ ਤੋਂ ਅੰਕਤ ਕੀਤੀ ਸਮੱਗਰੀ ਦਾ ਵਿਸ਼ਲੇਸ਼ਣ। (ਤਕਰੀਬਨ 1000 ਸ਼ਬਦ)
4. ਖੋਜੇ/ਨਿਖਾਰੇ/ਪੇਸ਼ ਮਸੌਦੇ ਤੋਂ ਉਪਲਬਧ ਹੋਏ ਤਥਾਂ ਦਾ ਵੇਰਵਾ, ਵਿਸ਼ਲੇਸ਼ਣ, ਇਹਨਾਂ ਤੋਂ ਉਪਜੇ ਨਵੇਂ/ਵਖਰੇ/ਵਧੀਕ ਸਿਧਾਂਤਕ ਪਹਿਲੂਆਂ ਦੀ ਪੇਸ਼ਗੀ ਅਤੇ ਚਰਚਾ। ਕਿਸੇ ਘਾਟ-ਵਾਧ ਤੇ ਚਾਨਣਾਂ ਅਤੇ ਇਸਤੇ ਅਧਾਰਤ ਅਗਲੇਰੇ ਖੋਜ-ਵਿਸ਼ੇ ਬਾਰੇ ਸੁਝਾਅ...ਖੋਜ ਕਿਰਤ ਦਾ ਮੁੱਖ ਲਾਭ। (ਤਕਰੀਬਨ 2500 ਸ਼ਬਦ)
5. ਪਰਚੇ ਦਾ ਸਾਰ-ਅੰਸ਼, ਪ੍ਰਮੁੱਖ ਸਿਟੇ, ਸਿਫਾਰਸ਼ਾਂ, ਲਾਗੂ ਹੋ ਸਕਣ ਵਾਲੇ ਅਮਲ, ਅਗਾਂਹ ਲਾਭਦਾਇਕ ਖੋਜ ਸੰਭਾਵਨਾਵਾਂ ਆਦਿ। (ਤਕਰੀਬਨ 500 ਸ਼ਬਦ)
6. ਪਰਚਾ ਲੇਖਕ ਬਾਰੇ ਜਾਂਣ-ਪਛਾਂਣ: ਵਿਦਿਆ, ਕਿਤਾ-ਸੇਵਾਂਵਾਂ, ਵਿਸ਼ੇਸ਼ਗਤਾ, ਪ੍ਰਕਾਸ਼ਨਾਵਾਂ ਆਦਿ। (ਤਕਰੀਬਨ 200 ਸ਼ਬਦ)
7. ਸਰੋਤ ਹਵਾਲਿਆਂ ਅਤੇ ਅਗਾਂਹ ਖੋਜ ਵਾਸਤੇ, ਸੰਭਾਵਿਤ ਦਸਤਾਵੇਜਾਂ ਦੀ ਸੂਚੀ।

ਨੋਟ: ਪਰਚੇ ਦੇ ਸਿਰਲੇਖ ਹੇਠਾਂ ਲੇਖਕ ਦਾ ਟਾਈਟਲ ਸਮੇਤ ਪੂਰਾ ਨਾਮ ਅਤੇ ਵਿਸ਼ੇਸ਼ਕਤਾ ਹੋਵੇ। ਅੰਤ ਵਿੱਚ ਫਿਰ ਪੂਰਾ ਨਾਮ, ਪਤਾ, ਫੋਨ ਨੰਬਰ, ਈ-ਮੇਲ, ਸ਼ੋਸ਼ਲ ਮੀਡੀਆ ਸੰਪਰਕ ਆਦਿ ਲਿਖੇ ਹੋਂਣ।

ਪਰਚਾ ਏ4 ਕਾਗਜ਼ ਦੇ ਇਕੋ ਪਾਸੇ ਟਾਈਪ ਹੋਵੇ, ਚੌਹੀਂ ਪਾਸੀਂ ਹਾਸ਼ੀਏ ਸਮੇਤ ਸਫਾ ਨੰਬਰ ਵੀ ਹੋਵੇ - ਇਸੇ ਮੁਤਾਬਿਕ ਇਲੈਕਟਰੌਨਿਕ ਕਾਪੀ, ਪੰਜਾਬੀ ਕਾਨਫਰੰਸ ਨੂੰ ਮਿਥੇ ਸਮੇਂ ਤੱਕ ਭੇਜ ਦਿਤੀ ਜਾਵੇ।

*ਸ.ਸ.ਸ.*